# ਨਹੀਂ ਲੱਭਣੇ ਲਾਲ ਗੁਆਚੇ

*—ਵਰਿੰਦਰ ਵਾਲੀਆ*

ਉੱਘੇ ਰੰਗਕਰਮੀ ਭਾਅ ਜੀ ਗੁਰਸ਼ਰਨ ਸਿੰਘ ਦੇ ਅਕਾਲ ਚਲਾਣੇ ਨਾਲ ਲੋਕ-ਪੱਖੀ ਰੰਗਮੰਚ ਨੂੰ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਪਿਆ ਹੈ। ਮਨੁੱਖੀ ਅਤੇ ਨਾਗਰਿਕ ਅਧਿਕਾਰਾਂ ਦੇ ਮੁਦੱਈ ਗੁਰਸ਼ਰਨ ਸਿੰਘ ਇਕ ਵਿਅਕਤੀ ਨਹੀਂ, ਸਗੋਂ ਇਕ ਵਡੇਰੀ ਲੋਕ-ਪੱਖੀ ਸੰਸਥਾ ਸਨ। ਰੰਗਮੰਚ ਰਾਹੀਂ ਲੋਕ-ਹਿਤਾਂ ਦੀ ਪਹਿਰੇਦਾਰੀ ਦੀ ਸ਼ੁਰੂਆਤ ਉਨ੍ਹਾਂ 15 ਅਗਸਤ 1958 ਨੂੰ ਭਾਖੜਾ ਡੈਮ ਪ੍ਰਾਜੈਕਟ ਉੱਪਰ ਤਾਇਨਾਤੀ ਸਮੇਂ ਉਥੇ ਕਾਮਿਆਂ ਅਤੇ ਹੋਰ ਸਟਾਫ਼ ਲਈ ਕੀਤੀ। ਲੋਕਪੱਖੀ ਲਹਿਰ ਨੂੰ ਬਲ ਅਤੇ ਮਜਬੂਤੀ ਦੇਣ ਦੇ ਮੰਤਵ ਨਾਲ ਭਾਅ ਜੀ ਨੇ 1964 ਵਿਚ ਅੰਮ੍ਰਿਤਸਰ ਵਿਖੇ ਬਾਕਾਇਦਾ ਨਾਟਕ ਕਲਾ ਕੇਂਦਰ ਦੀ ਸਥਾਪਨਾ ਕਰਕੇ ਨਵੇਂ ਨਾਟ-ਕਰਮੀਆਂ ਦੀ ਨਰਸਰੀ ਤਿਆਰ ਕਰਨ ਦਾ ਮੁੱਢ ਬੰਨ੍ਹਿਆ। ਇਸ ਨਾਟਕ ਕਲਾ ਕੇਂਦਰ ਨੇ ਪੰਜਾਬ ਵਿਚ ਹਜ਼ਾਰਾਂ ਨਾਟ-ਕਰਮੀ ਪੈਦਾ ਕੀਤੇ। ਸਾਲ 1980 ਵਿਚ ਉਨ੍ਹਾਂ ਚੰਡੀਗੜ੍ਹ ਵਿਖੇ 'ਚੰਡੀਗੜ੍ਹ ਸਕੂਲ ਆਫ਼ ਡਰਾਮਾ' ਸਥਾਪਿਤ ਕਰਕੇ ਲੋਕਪੱਖੀ ਪੰਜਾਬੀ ਰੰਗਮੰਚ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਤਕ ਪਹੁੰਚਾਉਣ ਦਾ ਸਾਰਥਕ ਉਪਰਾਲਾ ਕੀਤਾ। ਇਸ ਸੰਸਥਾ ਨਾਲ ਜੁੜੇ ਕਈ ਕਲਾਕਾਰਾਂ ਨੇ ਨਾ ਕੇਵਲ ਲੋਕਪੱਖੀ ਰੰਗਮੰਚ ਲਹਿਰ ਨੂੰ ਹੀ ਹੁਲਾਰਾ ਦਿੱਤਾ, ਸਗੋਂ ਲੋਕ ਲਹਿਰਾਂ ਨੂੰ ਮਜਬੂਤ ਅਤੇ ਅਗ੍ਰਸਰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾ ਕੇ ਕੌਮਾਂਤਰੀ ਪ੍ਰਸਿੱਧੀ ਵੀ ਪ੍ਰਾਪਤ ਕੀਤੀ। ਥੀਏਟਰ ਦੇ ਖੇਤਰ ਵਿਚ ਭਾਅ ਜੀ ਦੀ ਦੇਣ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੇ ਉਦੇਸ਼ਾਂ ਦੇ ਧਾਰਨੀ ਅਤੇ ਮੰਤਵ ਨੂੰ ਸਮਰਪਿਤ ਲਗਪਗ ਤਿੰਨ ਦਰਜਨ ਨਾਟ-ਗਰੁੱਪ ਪੰਜਾਬ ਵਿਚ ਇਸ ਸਮੇਂ ਕਾਰਜਸ਼ੀਲ ਹਨ। ਉਮਰ ਦੇ ਆਖ਼ਰੀ ਦਹਾਕੇ ਅਤੇ ਕਮਜ਼ੋਰ ਸਿਹਤ ਦੇ ਬਾਵਜੂਦ ਉਹ ਲਗਾਤਾਰ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਵਿਖੇ ਥੀਏਟਰ ਗਰੁੱਪ ਰਾਹੀਂ ਨਾਟ-ਕਰਮੀਆਂ ਨੂੰ ਸੇਧ ਦਿੰਦੇ ਰਹੇ। ਆਪਣੇ ਪੰਜਾਹ ਸਾਲਾਂ ਦੇ ਥੀਏਟਰ ਜੀਵਨ ਕਾਲ ਵਿਚ ਉਨ੍ਹਾਂ ਲਗਪਗ 8230 ਰੰਗਮੰਚ ਪੇਸ਼ਕਾਰੀਆਂ ਪ੍ਰਸਤੁਤ ਕੀਤੀਆਂ। ਪੰਜਾਬੀ ਨਾਲ ਸਾਹਿਤ ਦੇ ਖੇਤਰ ਵਿਚ ਉਨ੍ਹਾਂ 113 ਨਾਟਕਾਂ ਦੀਆਂ 17 ਕਿਤਾਬਾਂ

ਸਿਰਜ ਕੇ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੀ ਰੰਗਮੰਚ ਪ੍ਰਤੀ ਹਰਮਨਪਿਆਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀਆਂ ਕਈ ਨਾਟ-ਪੁਸਤਕਾਂ ਦੇ ਦਰਜਨ ਤੋਂ ਵੱਧ ਐਡੀਸ਼ਨ ਛਪੇ ਅਤੇ ਵਿਕੇ ਤੇ ਪੇਸ਼ਕਾਰੀਆਂ ਸਮੇਂ ਲੱਖਾਂ ਦੇ ਇਕੱਠ ਵੇਖਣ ਨੂੰ ਮਿਲਦੇ ਸਨ। ਰੰਗਮੰਚ ਦੇ ਖੇਤਰ ਵਿਚ ਉਨ੍ਹਾਂ ਦੀ ਵਿਸ਼ੇ ਅਤੇ ਰੂਪ ਦੋਵਾਂ ਪੱਖਾਂ ਤੋਂ ਵੱਡੀ ਅਤੇ ਅਹਿਮ ਦੇਣ ਹੈ। ਉਨ੍ਹਾਂ ਨੇ ਖਰਚੀਲੀ, ਭਾਰੀ ਤੇ ਵੱਡੇ ਸੈੱਟ ਡਿਜ਼ਾਈਨਿੰਗ ਦੀ ਥਾਂ 'ਤੇ ਸਸਤੀ, ਘੱਟ ਪਾਤਰ ਅਤੇ ਸਾਧਾਰਨ ਸਟੇਜ ਵਾਲੀ ਪੇਸ਼ਕਾਰੀ ਨੂੰ ਹਰਮਨ ਪਿਆਰਾ ਬਣਾਇਆ। ਰਵਾਇਤੀ ਰੁਮਾਂਸਵਾਦੀ ਅਤੇ ਬੌਧਿਕ ਸਮਾਜਿਕ ਵਿਸ਼ਿਆਂ ਦੀ ਥਾਂ ਉਨ੍ਹਾਂ ਲੋਕਪੱਖੀ ਅਤੇ ਸਮਾਜਿਕ ਕੁਰਤੀਆਂ ਵਿਰੁੱਧ ਲੋਕ ਚੇਤਨਾ ਨੂੰ ਆਪਣੇ ਰੰਗਮੰਚ ਦਾ ਵਿਸ਼ਾ ਬਣਾ ਕੇ ਪੰਜਾਬੀ ਰੰਗਮੰਚ ਨੂੰ ਇਕ ਨਵਾਂ ਮੋੜ ਦਿੱਤਾ। ਪੰਜਾਬੀ ਨਾਟਕ ਨੂੰ ਯੂਨੀਵਰਸਿਟੀਆਂ, ਵੱਡੇ ਥੀਏਟਰਾਂ ਅਤੇ ਕਲਾ ਕੇਂਦਰ ਤੋਂ ਸਾਧਾਰਨ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿਚ ਲਿਆਉਣ ਦਾ ਵਡੇਰਾ ਅਤੇ ਅਹਿਮ ਕਾਰਜ ਗੁਰਸ਼ਰਨ ਸਿੰਘ ਦੇ ਹਿੱਸੇ ਹੀ ਆਇਆ। ਉਹ ਸਹੀ ਅਰਥਾਂ ਵਿਚ ਪੇਂਡੂ ਅਤੇ ਲੋਕ-ਪੱਖੀ ਰੰਗਮੰਚ ਦਾ ਜਨਮਦਾਤਾ ਸਨ। ਇਸ ਮੰਤਵ ਲਈ ਉਨ੍ਹਾਂ 'ਪੰਜਾਬ ਲੋਕ ਸਭਿਆਚਾਰਕ ਮੰਚ' (ਪਲਸ) ਇਸ ਖੇਤਰ ਵਿਚ ਉਨ੍ਹਾਂ ਦੇ ਪਾਏ ਪੂਰਨੇ ਦਾ ਸਦਾ ਮੀਲ ਪੱਥਰ ਬਣੇ ਰਹਿਣਗੇ।

ਲੋਕ-ਪੱਖੀ ਨਾਟਕਾਂ ਨੂੰ ਸਟੇਜਾਂ ਤੋਂ ਟੈਲੀਵਿਜ਼ਨ ਦੀ ਸਕਰੀਨ 'ਤੇ ਲੈ ਕੇ ਜਾਣਾ ਵੀ ਭਾਅ ਜੀ ਦੀ ਸ਼ਖ਼ਸੀਅਤ ਦਾ ਹੀ ਕ੍ਰਿਸ਼ਮਾ ਸੀ। ਜਲੰਧਰ ਦੂਰਦਰਸ਼ਨ ਤੋਂ ਉਨ੍ਹਾਂ ਦਾ ਲੜੀਵਾਰ ਪ੍ਰੋਗਰਾਮ 'ਭਾਈ ਮੰਨਾ ਸਿੰਘ' ਲੰਮਾ ਸਮਾਂ ਚੱਲਦਾ ਰਿਹਾ ਅਤੇ ਆਮ ਲੋਕਾਂ ਵਿਚ ਉਹ ਭਾਅ ਜੀ ਗੁਰਸ਼ਰਨ ਸਿੰਘ ਦੀ ਥਾਂ 'ਤੇ 'ਭਾਈ ਮੰਨਾ ਸਿੰਘ' ਦੇ ਨਾਂ ਨਾਲ ਹੀ ਹਰਮਨ ਪਿਆਰੇ ਹੋ ਗਏ। ਸਰਕਾਰੀ ਨੌਕਰੀ ਦੇ ਨਿਯਮ ਤੇ ਦਬਾਅ, ਸਰਕਾਰ ਦੇ ਜਬਰ-ਜ਼ੁਲਮ ਅਤੇ ਕਾਲੇ ਦਿਨਾਂ ਵਿਚ ਖਾੜਕੂਆਂ ਦੇ ਖ਼ੌਫ਼ ਦੇ ਬਾਵਜੂਦ ਉਨ੍ਹਾਂ ਲੋਕ-ਪੱਖੀ ਰੰਗਮੰਚ ਤੋਂ ਕਦੇ ਵੀ ਪਿੱਠ ਨਹੀਂ ਸੀ ਮੋੜੀ ਅਤੇ ਹਮੇਸ਼ਾ ਆਪਣੀ ਗਰਜਵੀਂ ਆਵਾਜ਼ ਵਿਚ ਹੱਕ-ਸੱਚ ਦਾ ਹੋਕਾ ਦਿੱਤਾ। ਖਾੜਕੂਵਾਦ ਦੇ ਦੌਰ ਵਿਚ ਵੀ ਉਨ੍ਹਾਂ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਸੈਂਕੜੇ ਡਰਾਮੇ ਕੀਤੇ ਅਤੇ ਲੋਕ ਚੇਤਨਾ ਨੂੰ ਪ੍ਰਚੰਡ ਕਰਨ ਦਾ ਕਾਰਜ ਬਾਖ਼ੂਬੀ ਤੇ ਨਿਡਰ ਹੋ ਕੇ ਨਿਭਾਇਆ।

ਪਾਕਿਸਤਾਨ ਦੇ ਜ਼ਿਲ੍ਹਾ ਮੁਲਤਾਨ ਵਿਚ 1929 ਈਸਵੀ ਨੂੰ ਜਨਮੇ ਗੁਰਸ਼ਰਨ ਭਾਅ ਜੀ ਬਚਪਨ ਤੋਂ ਹੀ ਲੋਕਪੱਖੀ ਵਿਚਾਰਧਾਰਾ ਵਾਲੇ ਸਨ। ਅੱਠ ਸਾਲ ਦੀ ਛੋਟੀ ਉਮਰ ਵਿਚ ਹੀ ਆਪਣੇ ਇਕ ਗ਼ਰੀਬ ਦਲਿਤ ਪਰ ਹੁਸ਼ਿਆਰ ਜਮਾਤੀ ਦੇ ਗ਼ਰੀਬੀ ਕਾਰਨ ਸਕੂਲੋਂ ਹਟ ਜਾਣ ਦੀ ਘਟਨਾ ਨੇ ਉਨ੍ਹਾਂ ਦੇ ਮਨ ਵਿਚ ਸਮਾਜਿਕ-ਆਰਥਿਕ ਅਸਮਾਨਤਾ ਪ੍ਰਤੀ ਰੋਹ ਭਰ ਦਿੱਤਾ ਸੀ ਅਤੇ ਉਹ ਸਕੂਲੀ ਸਮੇਂ ਤੋਂ ਹੀ ਰੂਸੀ ਸਮਾਜਵਾਦ ਦੇ ਪ੍ਰਭਾਵ ਹੇਠ ਖੱਬੇਪੱਖੀ ਵਿਚਾਰਧਾਰਾ ਵੱਲ ਖਿੱਚੇ ਗਏ ਸਨ। ਨੌਵੀਂ ਜਮਾਤ ਵਿਚ ਪੜ੍ਹਦੇ ਸਮੇਂ ਕਮਿਊਨਿਸਟ ਪਾਰਟੀ ਦਾ ਉਹ ਸਭ ਤੋਂ ਛੋਟੀ ਉਮਰ ਦਾ

ਕਾਰਡ ਹੋਲਡਰ ਮੈਂਬਰ ਸੀ ਅਤੇ ਉਹ ਅੰਤ ਤਕ ਇਸ ਵਿਚਾਰਧਾਰਾ ਨੂੰ ਸਮਰਪਿਤ ਰਹੇ। ਲੋਕਪੱਖੀ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਰੰਗਮੰਚ ਤੋਂ ਇਲਾਵਾ ਉਨ੍ਹਾਂ ਲੰਮਾ ਸਮਾਂ ਇਕ ਮਾਸਿਕ ਪਰਚਾ 'ਸਮਤਾ' ਵੀ ਚਲਾਇਆ। ਲੋਕਪੱਖੀ ਸਾਹਿਤ ਨੂੰ ਘੱਟੋ-ਘੱਟ ਕੀਮਤ 'ਤੇ ਲੋਕਾਂ ਤਕ ਪਹੁੰਚਾਉਣ ਲਈ ਉਨ੍ਹਾਂ 'ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਮਾਲਾ' ਵੀ ਸ਼ੁਰੂ ਕੀਤੀ। ਸਾਹਿਤਕ ਖੇਤਰ ਵਿਚ ਉਨ੍ਹਾਂ ਦੇ ਇਸ ਮਹਾਨ ਯੋਗਦਾਨ ਨੂੰ ਹਮੇਸ਼ਾ ਹੀ ਯਾਦ ਕੀਤਾ ਜਾਂਦਾ ਰਹੇਗਾ।

ਲੋਕ ਦਿਲਾਂ ਦੀ ਧੜਕਣ ਇਸ ਮਹਾਨ ਸ਼ਖ਼ਸੀਅਤ ਨੂੰ 1933 ਵਿਚ ਸੰਗੀਤ ਨਾਟਕ ਐਵਾਰਡ, 1994 ਵਿਚ ਭਾਸ਼ਾ ਵਿਭਾਗ ਦਾ ਸ਼੍ਰੋਮਣੀ ਨਾਟਕਕਾਰ ਐਵਾਰਡ ਅਤੇ 2004 ਵਿਚ ਕੌਮੀ ਪ੍ਰਸਿੱਧੀ ਵਾਲਾ 'ਕਾਲੀਦਾਸ ਸਨਮਾਨ' ਪੁਰਸਕਾਰ ਤੋਂ ਇਲਾਵਾ ਅਨੇਕ ਸੰਸਥਾਵਾਂ ਤੋਂ ਮਾਣ-ਸਨਮਾਨ ਮਿਲੇ, ਪਰੰਤੂ ਉਨ੍ਹਾਂ ਸਭ ਤੋਂ ਵੱਧ ਅਹਿਮੀਅਤ ਪਿਛਲੇ ਸਾਲ ਆਪਣੇ ਹਜ਼ਾਰਾਂ ਸ਼ਗਿਰਦਾਂ, ਸ਼ਰਧਾਲੂਆਂ ਅਤੇ ਵਿਚਾਰਧਾਰਕ ਹਮਰਾਹੀਆਂ ਵੱਲੋਂ ਮੋਗਾ ਜ਼ਿਲ੍ਹੇ ਦੇ ਪਿੰਡਾ ਕੁੱਸਾ ਵਿਖੇ ਦਿੱਤੇ ਗਏ 'ਇਨਕਲਾਬੀ ਸਮਰਪਿਤ ਸ਼ਖ਼ਸੀਅਤ ਐਵਾਰਡ' ਨੂੰ ਹੀ ਦਿੱਤੀ। ਉਨ੍ਹਾਂ ਦੀ ਲੋਕਪੱਖੀ ਸੋਚ ਅਤੇ ਲੋਕ ਹਿਤਾਂ ਲਈ ਸਮਰਪਿਤ ਜੀਵਨ ਤੋਂ ਪ੍ਰਭਾਵਿਤ ਹੋ ਕੇ ਕਈ ਸੰਸਥਾਵਾਂ ਨੇ ਉਨ੍ਹਾਂ ਦੇ ਜਿਊਂਦੇ ਜੀਅ ਉਨ੍ਹਾਂ ਦੇ ਨਾਂ 'ਤੇ ਭਵਨ, ਸੰਸਥਾਵਾਂ ਅਤੇ ਥੀਏਟਰ ਹਾਲ ਬਣਾਏ ਹਨ।

ਭਾਅ ਜੀ ਦੇ ਨਾਟਕ 'ਟੋਆ', 'ਇਹ ਲਹੂ ਕਿਸ ਦਾ ਹੈ', 'ਕਿਵ ਕੂੜੇ ਤੁਟੈ ਪਾਲਿ', 'ਕੁਰਸੀ ਵਾਲਾ ਤੇ ਮੰਜੀ ਵਾਲਾ', 'ਧਮਕ ਨਗਾਰੇ ਦੀ', 'ਬਾਬਾ ਬੋਲਦਾ ਹੈ', 'ਜੰਗੀ ਰਾਮ ਦੀ ਹਵੇਲੀ', 'ਹਿੱਟ ਲਿਸਟ' ਅਤੇ 'ਇਨਕਲਾਬ ਜ਼ਿੰਦਾਬਾਦ' ਆਦਿ ਅਜੇ ਵੀ ਲੋਕਾਂ ਦੇ ਚਿੱਤ-ਚੇਤਿਆਂ ਵਿਚ ਉਤਰੇ ਹੋਏ ਹਨ। ਭਾਅ ਜੀ ਵਰਗਾ ਸਮਰਪਿਤ, ਅਗਰਗਾਮੀ, ਨਿੱਡਰ, ਜ਼ਿੰਦਾਦਿਲ ਇਨਸਾਨ, ਆਮ ਲੋਕਾਂ ਦਾ ਵੱਡਾ ਨਾਇਕ ਅਤੇ ਲੋਕ ਹਿੱਤਾਂ ਤੇ ਹੱਕਾਂ ਦਾ ਨਿਧੜਕ ਚੌਕੀਦਾਰ ਕਦੇ-ਕਦੇ ਜੰਮਦਾ ਹੈ। ਇਸ ਲੋਕਪੱਖੀ ਸ਼ਖ਼ਸੀਅਤ ਦਾ ਵਿਛੋੜਾ ਭਾਵੇਂ ਅਸਹਿ ਅਤੇ ਅਕਹਿ ਹੈ, ਫਿਰ ਵੀ ਉਨ੍ਹਾਂ ਦੀਆਂ ਲਿਖਤਾਂ ਅਤੇ ਜੀਵਨ ਸੰਘਰਸ਼ ਹਮੇਸ਼ਾ ਲੋਕ ਲਹਿਰਾਂ ਲਈ ਚਾਨਣ ਮੁਨਾਰਾ ਬਣੇ ਰਹਿਣਗੇ। ਉਨ੍ਹਾਂ ਵੱਲੋਂ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਪਾਈਆਂ ਵਿਲੱਖਣ ਪੈੜਾਂ ਦੇ ਨਿਸ਼ਾਨ ਸਦੀਆਂ ਤਕ ਅਮਿੱਟ ਰਹਿਣਗੇ।